# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :29-11-2025**

## <u>ਪਹਿਲਾਂ ਬੁਲੇਟਿਨ ਦੀਆਂ ਖਾਸ ਖਬਰਾਂ</u>

- DGCA ਨੇ ਏਅਰਬੱਸ A-320 ਸੀਰੀਜ਼ ਦੇ ਸਾਰੇ ਜਹਾਜ਼ਾਂ ਦੀਆਂ ਉਡਾਣਾਂ 'ਤੇ ਤੁੰਰਤ ਰੋਕ ਲਾਉਣ ਦਾ ਹੁਕਮ ਦਿੱਤਾ ਏ.
- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦਾ, ਹੁਣ ਤਕ ਦਾ ਸਭ ਤੋਂ ਵੱਡਾ ਸੜ੍ਹਕ ਉਸਾਰੀ ਕਾਰਜ ਸ਼ੁਰੂ ਕਰਨ ਦਾ ਐਲਾਨ ਕੀਤਾ. 16 ਹਜ਼ਾਰ ਕਰੋੜ ਰੁਪਏ ਤੋਂ ਵਧ ਦੀ ਲਾਗਤ ਨਾਲ, 44 ਹਜ਼ਾਰ 920 ਕਿਲੋਮੀਟਰ ਸੜਕਾਂ ਬਣਾਈਆਂ ਜਾਣਗੀਆਂ.
- ਪੰਜਾਬ ਵਿੱਚ, ਮੋਹਾਲੀ ਦੀ CBI ਅਦਾਲਤ ਨੇ ਅੱਜ ਸੱਤ ਮੁਲਜ਼ਮਾਂ ਨੂੰ 2016 ਦੇ ਬੈਂਕ ਆਫ਼ ਬੜੌਦਾ ਧੋਖਾਧੜੀ ਮਾਮਲੇ 'ਚ ਦੋਸ਼ੀ ਠਹਿਰਾਉਂਦਿਆਂ ਸਜ਼ਾ ਸੁਣਾਈ ਏ।

- ਪੰਜਾਬ ਕੇਂਦਰੀ ਯੂਨੀਵਰਸਿਟੀ, ਦੇ ਦੋ ਪ੍ਰੋਫੈਸਰਾਂ ਨੂੰ ਸੰਯੁਕਤ ਰਾਸ਼ਟਰ ਦੇ ਏਸ਼ੀਆ ਤੇ ਪ੍ਰਸ਼ਾਂਤ ਲਈ ਆਰਥਿਕ ਤੇ ਸਮਾਜਿਕ ਕਮਿਸ਼ਨ ‘ਚ ਸ਼ਾਮਿਲ ਕੀਤਾ ਗਿਆ ਏ.
- ਭਾਰਤ, ਸੁਲਤਾਨ ਅਜ਼ਲਾਨ ਸ਼ਾਹ ਹਾਕੀ ਟੂਰਨਾਮੈਂਟ ਵਿੱਚ, ਕੈਨੇਡਾ ਨੂੰ 14-3 ਨਾਲ ਹਰਾ ਕੇ ਫਾਈਨਲ ਵਿੱਚ ਪਹੁੰਚਿਆ.

## ਹੁਣ ਖਬਰਾਂ ਵਿਸਥਾਰ ਨਾਲ

DGCA ਨੇ ਏਅਰਬੱਸ A-320 ਸੀਰੀਜ਼ ਦੇ ਸਾਰੇ ਜਹਾਜ਼ਾਂ ਦੀਆਂ ਉਡਾਣਾਂ ‘ਤੇ ਤੁੰਰਤ ਰੋਕ ਲਾਉਣ ਦਾ ਹੁਕਮ ਦਿੱਤਾ ਏ. ਏਅਰਬੱਸ ਦੇ A-318, A-319, A-320, ਅਤੇ A-321 ਜਹਾਜ਼ਾਂ ਦੀ ਨਿਰਧਾਰਤ ਜਾਂਚ ਅਤੇ ਸੁਧਾਰ ਦਾ ਅਮਲ ਪੂਰਾ ਹੋਣ ਤੱਕ ਹਵਾਈ ਕੰਪਨੀਆਂ, ਇਨ੍ਹਾਂ ਜਹਾਜ਼ਾਂ ਨੂੰ ਨਹੀਂ ਚਲਾ ਸਕਣਗੀਆਂ. ਨਿਰਮਾਤਾ ਕੰਪਨੀ ਏਅਰਬੱਸ ਨੇ ਦੁਨੀਆ ਭਰ ਵਿੱਚ ਆਪਣੇ ਹਜ਼ਾਰਾਂ A320 ਫਲੀਟ ਦੀ ਤੁਰੰਤ ਮੁਰੰਮਤ ਦਾ ਆਦੇਸ਼ ਦਿੱਤਾ ਏ. ਏਅਰਬੱਸ ਨੇ ਇਹ ਆਦੇਸ਼, A-320 ਹਾਦਸੇ ਤੋਂ ਬਾਅਦ ਜਾਰੀ ਕੀਤਾ ਏ। DGCA ਨੇ ਕਿਹਾ ਕਿ ਕੋਈ ਵੀ ਜਹਾਜ਼ ਲੋੜੀਂਦੇ ਸੁਰੱਖਿਆ ਮਾਪਦੰਡਾਂ ਨੂੰ ਪੂਰਾ ਕੀਤੇ ਬਿਨਾਂ ਉਡਾਣ ਨਹੀਂ ਭਰ ਸਕਦਾ। ਇੰਡੀਗੋ ਅਤੇ ਏਅਰ ਇੰਡੀਆ, ਇਸ ਸ਼੍ਰੇਣੀ ਦੇ 350 ਤੋਂ ਵੱਧ ਜਹਾਜ਼ ਚਲਾਉਂਦੀਆਂ ਨੇ. ਇਨ੍ਹਾਂ ਜਹਾਜ਼ਾਂ ਨੂੰ ਆਪਣੇ ਸਾਫਟਵੇਅਰ ਨੂੰ ਅਪਡੇਟ

ਕਰਨ ਲਈ ਕੁਝ ਸਮੇਂ ਲਈ ਗ੍ਰਾਊਂਡ ਕੀਤਾ ਜਾਵੇਗਾ, ਜਿਸ ਨਾਲ ਉਡਾਣ ਸੰਚਾਲਨ ਪ੍ਰਭਾਵਿਤ ਹੋ ਸਕਦਾ ਏ। ਏਅਰ ਇੰਡੀਆ ਨੇ ਕਿਹਾ ਏ ਕਿ ਇਸਦੇ ਇੰਜੀਨੀਅਰ A-320 ਜਹਾਜ਼ਾਂ 'ਤੇ ਸਾਫਟਵੇਅਰ ਅਤੇ ਹਾਰਡਵੇਅਰ ਨੂੰ ਅਪਡੇਟ ਕਰਨ ਲਈ ਦੁਨੀਆ ਭਰ ਵਿੱਚ ਲਗਾਤਾਰ ਕੰਮ ਕਰ ਰਹੇ ਨੇ. ਏਅਰ ਇੰਡੀਆ ਨੇ ਕਿਹਾ ਕਿ ਕੁਝ ਉਡਾਣਾਂ ਵਿੱਚ ਦੇਰੀ ਹੋ ਸਕਦੀ ਏ ਜਾਂ ਇਹਨਾਂ ਦੇ ਸਮੇਂ ਨੂੰ ਬਦਲਿਆ ਜਾ ਸਕਦਾ ਏ। ਇਸਨੇ ਮੁਸਾਫ਼ਿਰਾਂ ਨੂੰ ਹਵਾਈ ਅੱਡੇ 'ਤੇ ਯਾਤਰਾ ਕਰਨ ਤੋਂ ਪਹਿਲਾਂ ਉਡਾਣ ਦੀ ਸਥਿਤੀ ਦੀ ਜਾਂਚ ਕਰਨ ਦੀ ਅਪੀਲ ਕੀਤੀ ਏ।

-----------------------------------------------------------

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 16 ਹਜ਼ਾਰ 209 ਕਰੋੜ ਰੁਪਏ ਦੀ ਕੁੱਲ ਲਾਗਤ ਨਾਲ, 44 ਹਜ਼ਾਰ 920 ਕਿਲੋਮੀਟਰ ਸੜਕਾਂ ਬਣਾਉਣ ਦੇ ਟੀਚੇ ਨਾਲ, ਪੰਜਾਬ ਦੇ ਇਤਿਹਾਸ ਵਿੱਚ, ਸਭ ਤੋਂ ਵੱਡਾ ਸੜਕ ਉਸਾਰੀ ਕਾਰਜ ਸ਼ੁਰੂ ਕਰਨ ਦਾ ਐਲਾਨ ਕੀਤਾ ਏ। ਅੱਜ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਦਿੰਦਿਆਂ, ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਅਗਲੇ ਸਾਲ ਦੇ ਅਖੀਰ ਤੱਕ ਪੰਜਾਬ ਦੇ ਸਾਰੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਇਹਨਾਂ ਸੜਕਾਂ ਦੇ ਉਸਾਰੀ ਕਾਰਜ ਨੇਪਰੇ ਚਾੜ੍ਹਨ ਦਾ ਫੈਸਲਾ ਕੀਤਾ ਏ |

BYTE

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੀ ਉਸਾਰੀ ਵਿੱਚ, ਵਿਸ਼ਵ ਪੱਧਰੀ ਮਾਪਦੰਡ ਅਤੇ ਸੁਰੱਖਿਆ ਨੇਮ ਯਕੀਨੀ ਬਣਾਉਣ ਲਈ ਸੜਕਾਂ ਦੀ ਉਸਾਰੀ ਦੇ ਨਾਲ, ਪੰਜ ਸਾਲ ਦੀ ਸਾਂਭ-ਸੰਭਾਲ ਦੀ ਸ਼ਰਤ ਵੀ ਜੋੜੀ ਗਈ ਏ। ਓਹਨਾ ਕਿਹਾ ਕਿ ਇਸ ਨਾਲ ਸੂਬੇ ਵਿੱਚ ਆਵਾਜਾਈ ਸੁਚਾਰੂ ਹੋਵੇਗੀ ਅਤੇ ਦਿਹਾਤੀ ਬੁਨਿਆਦੀ ਢਾਂਚੇ ਨੂੰ ਹੁਲਾਰਾ ਮਿਲੇਗਾ।

---------------------------------------------------------------

ਪੰਜਾਬ ਵਿੱਚ, ਮੋਹਾਲੀ ਦੀ CBI ਅਦਾਲਤ ਨੇ 2016 ਵਿੱਚ ਬੈਂਕ ਆਫ਼ ਬੜੌਦਾ ਨੂੰ 7 ਕਰੋੜ 83 ਲਖ ਰੁਪਏ ਦੇ ਧੋਖਾਧੜੀ ਵਾਲੇ ਬੈਂਕ ਘੋਟਾਲੇ ਦੇ ਮਾਮਲੇ ਵਿੱਚ ਅੱਜ ਸੱਤ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਉਂਦਿਆਂ ਸਜ਼ਾ ਸੁਣਾਈ ਏ. ਸਰਕਾਰੀ ਹਲਕਿਆਂ ਮੁਤਾਬਿਕ, ਦੋ ਮੁਲਜ਼ਮਾਂ, ਮਨੀਸ਼ ਜੈਨ ਅਤੇ ਰਮੇਸ਼ ਕੁਮਾਰ ਜੈਨ ਨੂੰ 3 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ ਏ ਜਿਸ ਵਿੱਚ ਹਰੇਕ ਨੂੰ 35 ਹਜ਼ਾਰ ਰੁਪਏ ਦਾ ਜੁਰਮਾਨਾ ਲਾਇਆ ਗਿਆ ਏ. ਨਾਲ ਹੀ ਦੋ ਔਰਤਾਂ ਸਮੇਤ 5 ਹੋਰਨਾਂ ਨੂੰ 3 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਏ ਤੇ ਓਹਨਾਂ ‘ਤੇ 15 ਹਜ਼ਾਰ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਏ.

ਇਹ ਮਾਮਲਾ 2016 ਦਾ ਏ ਜਦੋਂ ਬੈਂਕ ਆਫ਼ ਬੜੌਦਾ ਨੇ ਰਮੇਸ਼ ਕੁਮਾਰ ਜੈਨ, ਮਨੀਸ਼ ਜੈਨ, ਸ਼੍ਰੀਮਤੀ ਕਾਂਤਾ ਜੈਨ, ਮੈਸਰਜ਼ ਮਨੀਸ਼ ਟਰੇਡਰਜ਼ ਦੇ ਭਾਈਵਾਲਾਂ ਅਤੇ ਕੁਝ ਬੈਂਕ ਅਧਿਕਾਰੀਆਂ ਖਿਲਾਫ਼ ਸ਼ਿਕਾਇਤ ਦਰਜ ਕੀਤੀ ਸੀ। ਇਹ ਇਲ੍ਜ਼ਾਮ ਲਾਇਆ ਗਿਆ ਸੀ ਕਿ ਕੰਪਨੀ ਦੇ ਭਾਈਵਾਲਾਂ ਨੇ ਕੁਝ ਬੈਂਕ ਅਧਿਕਾਰੀਆਂ ਨਾਲ ਸਾਜ਼ਿਸ਼ ਰਚ ਕੇ, ਧੋਖਾਧੜੀ ਨਾਲ ਬੈਂਕ ਨੂੰ 7 ਕਰੋੜ 83 ਲਖ ਰੁਪਏ ਦਾ ਨੁਕਸਾਨ ਪਹੁੰਚਾਇਆ ਸੀ। ਜਾਂਚ ਤੋਂ ਬਾਅਦ, ਜੂਨ, 2017 ਵਿੱਚ ਉਨ੍ਹਾਂ ਸਾਰਿਆਂ ਖਿਲਾਫ਼ ਇੱਕ ਚਾਰਜਸ਼ੀਟ ਦਾਇਰ ਕੀਤੀ ਗਈ ਸੀ। ਮੁਕੱਦਮੇ ਤੋਂ ਬਾਅਦ, ਅਦਾਲਤ ਨੇ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਅਤੇ ਸਜ਼ਾ ਸੁਣਾਈ ਏ।

-----------------------------------------------------------

ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਨੂੰ ਆਲਮੀ ਮਾਨਤਾ ਵਜੋਂ ਇਸ ਦੇ ਦੋ ਪ੍ਰਸਿੱਧ ਪ੍ਰੋਫੈਸਰਾਂ/ਅਕਾਦਮਿਕ ਮਾਹਿਰਾਂ ਨੂੰ ਸੰਯੁਕਤ ਰਾਸ਼ਟਰ ਦੇ ਨਿਰੰਤਰ ਵਿਕਾਸ ਟੀਚਿਆਂ (SDG-7) ਅਤੇ 2026 ਲਈ ਕਿਫਾਇਤੀ ਤੇ ਸਾਫ਼ ਸੁਥਰੀ ਊਰਜਾ ਲਈ ਟੀਚਿਆਂ ਦੇ ਜਾਇਜ਼ੇ ਲਈ ਸੰਦਰਭ ਸਮੂਹ ਦੇ, ਏਸ਼ੀਆ ਅਤੇ ਪ੍ਰਸ਼ਾਂਤ ਲਈ ਆਰਥਿਕ ਤੇ ਸਮਾਜਿਕ ਕਮਿਸ਼ਨ 'ਚ ਸ਼ਾਮਿਲ ਕੀਤਾ ਗਿਆ ਏ. UNIVERSITY ਦੇ ਵਾਈਸ ਚਾਂਸਲਰ

ਪ੍ਰੋਫੈਸਰ ਰਾਘਵੇਂਦਰ ਪੀ . ਤਿਵਾੜੀ ਅਤੇ ਬਨਸਪਤੀ ਵਿਭਾਗ ਦੇ ਪ੍ਰੋਫੈਸਰ, ਫੇਲਿਕਸ ਬਾਸਟ ਨੂੰ ਤਿਆਰੀ ਰਿਪੋਰਟ ਲਈ ਰਣਨੀਤਕ ਇਨਪੁਟ ਅਤੇ ਮਾਹਰ ਪ੍ਰਮਾਣਿਕਤਾ ਪ੍ਰਦਾਨ ਕਰਨ ਲਈ ਚੁਣਿਆ ਗਿਆ ਏ । ਇਹ ਰਿਪੋਰਟ ਵਿਸ਼ਵਵਿਆਪੀ ਜਲਵਾਯੂ ਕਾਰਵਾਈ ਲਈ ਮਹੱਤਵਪੂਰਨ ਪ੍ਰਸੰਗਿਕਤਾ ਰੱਖਦੀ ਏ. ਪ੍ਰੋਫੈਸਰ. ਤਿਵਾੜੀ ਜੋ ਕਿ ਇੱਕ ਮਸ਼ਹੂਰ ਭੂ-ਵਿਗਿਆਨੀ ਵੀ ਨੇ ਅਤੇ ਪ੍ਰੋਫੈਸਰ. ਬਾਸਟ, ਇੱਕ ਪ੍ਰਸਿੱਧ ਸਮੁੰਦਰੀ ਜੀਵ ਵਿਗਿਆਨੀ ਅਤੇ ਅੰਤਰਰਾਸ਼ਟਰੀ ਵਿਗਿਆਨ ਪ੍ਰੀਸ਼ਦ ਦੇ ਏਸ਼ੀਆ-ਪ੍ਰਸ਼ਾਂਤ ਖੇਤਰ ਦੇ ਸਲਾਹਕਾਰ ਨੇ, ਨੂੰ ਸ਼ਾਮਿਲ ਕੀਤਾ ਜਾਣਾ, ਇੱਕ ਇਤਿਹਾਸਕ ਮੀਲ ਪੱਥਰ ਏ । ਇਹ ਪਹਿਲੀ ਵਾਰ ਏ ਕਿ UNIVERSITY ਦੇ ਵਿਗਿਆਨੀਆਂ ਵਲੋਂ ਅੰਤਰਰਾਸ਼ਟਰੀ ਪੱਧਰ ਦੀ ਨੀਤੀ-ਨਿਰਮਾਣ ਪ੍ਰਕਿਰਿਆ ਵਿੱਚ ਸਿੱਧੇ ਤੌਰ 'ਤੇ ਯੋਗਦਾਨ ਪਾਇਆ ਜਾ ਰਿਹਾ ਏ.

-----------------------------------------------------

ਜਲੰਧਰ ਦਿਹਾਤੀ ਪੁਲਿਸ ਨੇ ਪਿੰਡ ਕੰਗ ਕਲਾਂ ਵਿਖੇ, ਇੱਕ ਵਿਧਵਾ ਅਤੇ ਉਸਦੀ ਧੀ ਨਾਲ ਸਮੂਹਿਕ ਬਲਾਤਕਾਰ ਦੇ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਏ। ਇਹ ਘਟਨਾ 23 ਤੇ 24 ਨਵੰਬਰ ਦੀ ਦਰਮਿਆਨੀ ਰਾਤ ਨੂੰ ਵਾਪਰੀ, ਜਦੋਂ ਪ੍ਰਵਾਸੀ ਮਜ਼ਦੂਰਾਂ ਦਾ ਪਰਿਵਾਰ ਸੌਂ

ਰਿਹਾ ਸੀ। ਸੀਨੀਅਰ ਪੁਲਿਸ ਕਪਤਾਨ ਜਲੰਧਰ-ਦਿਹਾਤੀ, ਹਰਵਿੰਦਰ ਸਿੰਘ ਵਿਰਕ ਨੇ ਅੱਜ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ, ਇਸ ਅਪਰਾਧ ਦੇ ਸਾਜ਼ਿਸ਼ਕਾਰਾਂ ਦਾ ਪਤਾ ਲਗਾਉਣ ਲਈ ਟੀਮਾਂ ਦਾ ਗਠਨ ਕੀਤਾ ਗਿਆ ਏ। ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦਸਿਆ

BYTE

ਉਨ੍ਹਾਂ ਇਹ ਵੀ  ਦੱਸਿਆ ਕਿ ਸਾਜਨ ਅਤੇ ਰੌਕੀ ਖਿਲਾਫ ਪਹਿਲਾ ਵੀ ਵੱਖ ਵੱਖ ਧਾਰਾਵਾਂ ਹੇਠ, ਵੱਖ-ਵੱਖ ਥਾਣਿਆ ਵਿੱਚ ਮੁੱਕਦਮੇ ਦਰਜ ਨੇ।

---------------------------------------------------------

ਚੋਣ ਕਮਿਸ਼ਨ ਨੇ ਸਾਰੇ ਨਾਗਰਿਕਾਂ ਨੂੰ ECI Net ਐਪ ਡਾਊਨਲੋਡ ਕਰਨ ਅਤੇ ਐਪ ਨੂੰ ਵਰਤੋਂ ਕਾਰਾਂ ਲਈ ਵਧੇਰੇ ਸੁਖਾਵਾਂ ਬਣਾਉਣ ਲਈ ਆਪਣੇ ਸੁਝਾਅ ਦੇਣ ਦਾ ਸੱਦਾ ਦਿੱਤਾ ਏ । ਨਾਗਰਿਕ, ਅਗਲੇ ਮਹੀਨੇ ਦੀ 27 ਤਰੀਕ ਤੱਕ ਐਪ 'ਤੇ 'Submit a Suggestion ਟੈਬ ਦੀ ਵਰਤੋਂ ਕਰਕੇ ਆਪਣੇ ਸੁਝਾਅ ਦੇ ਸਕਦੇ ਨੇ. ਕਮਿਸ਼ਨ ਨੇ ਕਿਹਾ ਏ ਕਿ ਵਰਤੋਂਕਾਰਾਂ ਦੇ ਸੁਝਾਵਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਇਸ ਪਲੇਟਫਾਰਮ ਨੂੰ ਵਰਤੋਂ ਕਾਰਾਂ ਲਈ ਵਧੇਰੇ ਸੁਖਾਵਾਂ ਬਣਾਉਣ ਲਈ ਹੋਰ ਅਪਡੇਟ ਕੀਤਾ ਜਾਵੇਗਾ. ECI Net ਪਲੇਟਫਾਰਮ ਦੀ ਅਧਿਕਾਰਤ ਸ਼ੁਰੂਆਤ, ਜਨਵਰੀ 2026 ‘ਚ ਹੋਣੀ ਏ.  ECI Net ਐਪ ਨਾਗਰਿਕਾਂ

ਲਈ ਚੋਣਾਂ ਨਾਲ ਸਬੰਧਤ ਪਹਿਲਾਂ ਦੀਆਂ 40 ਵੱਖ-ਵੱਖ ਐਪਲੀਕੇਸ਼ਨਾਂ ਅਤੇ ਵੈੱਬਸਾਈਟਾਂ ਨੂੰ ਏਕੀਕ੍ਰਿਤ ਕਰਨ ਲਈ ਇੱਕ ਇਕਹਿਰੀ ਐਪ ਏ.

-----------------------------------------------------

ਪੰਜਾਬ ਵਿੱਚ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਲਈ ਚੋਣ ਪ੍ਰੋਗਰਾਮ ਦੇ ਐਲਾਨ ਤੋਂ ਬਾਅਦ, ਮੁਹਾਲੀ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ, ਕੋਮਲ ਮਿੱਤਲ ਨੇ ਅੱਜ ਜ਼ਿਲ੍ਹਾ ਪ੍ਰੀਸ਼ਦ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਪੰਚਾਇਤ ਸੰਮਤੀਆਂ ਮੋਹਾਲੀ, ਖਰੜ, ਮਾਜਰੀ ਅਤੇ ਡੇਰਾਬਸੀ ਦੀਆਂ ਹੋਣ ਵਾਲੀਆਂ ਚੋਣਾਂ ਲਈ ਤਿਆਰੀਆਂ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਸਾਰੇ ਰਿਟਰਨਿੰਗ ਅਧਿਕਾਰੀਆਂ ਅਤੇ ਸਹਾਇਕ ਰਿਟਰਨਿੰਗ ਅਧਿਕਾਰੀਆਂ ਨੂੰ ਨਿਰਪੱਖ ਅਤੇ ਪਾਰਦਰਸ਼ੀ ਚੋਣ ਪ੍ਰਕਿਰਿਆ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨਾਮਜ਼ਦਗੀ ਪ੍ਰਕਿਰਿਆ ਦੌਰਾਨ, ਪੂਰੀ ਸੰਜੀਦਗੀ ਅਤੇ ਨਿਰਪੱਖਤਾ ਬਣਾਈ ਰੱਖਣ 'ਤੇ ਜ਼ੋਰ ਦਿੱਤਾ।

-----------------------------------------------------

ਮੋਹਾਲੀ ਦੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇ ਦੋ ਸਾਬਕਾ ਕੈਡਿਟਾਂ ਪਾਰਸਦੀਪ ਸਿੰਘ ਖੋਸਾ ਅਤੇ

ਯੁਵਰਾਜ ਸਿੰਘ ਤੋਮਰ ਨੂੰ ਕੇਰਲਾ ਦੇ ਏਝੀਮਾਲਾ ਵਿਖੇ ਕਰਵਾਈ ਗਈ ਇੰਡੀਅਨ ਨੇਵਲ ਅਕੈਡਮੀ ਦੀ ਪਾਸਿੰਗ ਆਊਟ ਪਰੇਡ ਵਿੱਚ, ਭਾਰਤੀ ਸਮੁੰਦਰੀ ਫੌਜ ਵਿੱਚ ਅਫਸਰ ਵਜੋਂ ਕਮਿਸ਼ਨ ਮਿਲਿਆ ਏ। ਇਸ ਪਰੇਡ ਦਾ ਨਿਰੀਖਣ ਚੀਫ਼ ਆਫ਼ ਡਿਫੈਂਸ ਸਟਾਫ, ਜਨਰਲ ਅਨਿਲ ਚੌਹਾਨ ਵੱਲੋਂ ਕੀਤਾ ਗਿਆ।

---------------------------------------------------------

ਭਾਰਤ, ਮਲੇਸ਼ੀਆ ਵਿੱਚ ਸੁਲਤਾਨ ਅਜ਼ਲਾਨ ਸ਼ਾਹ ਹਾਕੀ ਟੂਰਨਾਮੈਂਟ ਵਿੱਚ, ਸ਼ਾਨਦਾਰ ਕਾਰਗੁਜ਼ਾਰੀ ਦਿਖਾਉਂਦਿਆਂ, ਕੈਨੇਡਾ ਨੂੰ 14-3 ਨਾਲ ਹਰਾ ਕੇ ਫਾਈਨਲ ਵਿੱਚ ਪਹੁੰਚ ਗਿਆ ਏ। ਜੁਗਰਾਜ ਸਿੰਘ ਨੇ ਚਾਰ, ਜਦੋਂ ਕਿ ਰਾਜਿੰਦਰ ਸਿੰਘ, ਅਭਿਸ਼ੇਕ ਅਤੇ ਅਮਿਤ ਰੋਹਿਦਾਸ ਨੇ ਦੋ-ਦੋ ਗੋਲ ਕੀਤੇ। ਫਾਈਨਲ ਵਿੱਚ, ਭਾਰਤ ਦਾ ਮੁਕਾਬਲਾ ਬੈਲਜੀਅਮ ਨਾਲ ਹੋਵੇਗਾ।

---------------------------------------------------------

- DGCA ਨੇ ਏਅਰਬੱਸ A-320 ਸੀਰੀਜ਼ ਦੇ ਸਾਰੇ ਜਹਾਜ਼ਾਂ ਦੀਆਂ ਉਡਾਣਾਂ ‘ਤੇ ਤੁੰਰਤ ਰੋਕ ਲਾਉਣ ਦਾ ਹੁਕਮ ਦਿੱਤਾ ਏ.

- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦਾ, ਹੁਣ ਤਕ ਦਾ ਸਭ ਤੋਂ ਵੱਡਾ ਸੜ੍ਹਕ ਉਸਾਰੀ ਕਾਰਜ ਸ਼ੁਰੂ ਕਰਨ ਦਾ ਐਲਾਨ ਕੀਤਾ. 16 ਹਜ਼ਾਰ ਕਰੋੜ ਰੁਪਏ ਤੋਂ ਵਧ ਦੀ ਲਾਗਤ ਨਾਲ, 44 ਹਜ਼ਾਰ 920 ਕਿਲੋਮੀਟਰ ਸੜਕਾਂ ਬਣਾਈਆਂ ਜਾਣਗੀਆਂ.
- ਪੰਜਾਬ ਵਿੱਚ, ਮੋਹਾਲੀ ਦੀ CBI ਅਦਾਲਤ ਨੇ ਅੱਜ ਸੱਤ ਮੁਲਜ਼ਮਾਂ ਨੂੰ 2016 ਦੇ ਬੈਂਕ ਆਫ਼ ਬੜੌਦਾ ਧੋਖਾਧੜੀ ਮਾਮਲੇ 'ਚ ਦੋਸ਼ੀ ਠਹਿਰਾਉਂਦਿਆਂ ਸਜ਼ਾ ਸੁਣਾਈ ਏ।
- ਪੰਜਾਬ ਕੇਂਦਰੀ ਯੂਨੀਵਰਸਿਟੀ, ਦੇ ਦੋ ਪ੍ਰੋਫੈਸਰਾਂ ਨੂੰ ਸੰਯੁਕਤ ਰਾਸ਼ਟਰ ਦੇ ਏਸ਼ੀਆ ਤੇ ਪ੍ਰਸ਼ਾਂਤ ਲਈ ਆਰਥਿਕ ਤੇ ਸਮਾਜਿਕ ਕਮਿਸ਼ਨ ‘ਚ ਸ਼ਾਮਿਲ ਕੀਤਾ ਗਿਆ ਏ.
- ਭਾਰਤ, ਸੁਲਤਾਨ ਅਜ਼ਲਾਨ ਸ਼ਾਹ ਹਾਕੀ ਟੂਰਨਾਮੈਂਟ ਵਿੱਚ, ਕੈਨੇਡਾ ਨੂੰ 14-3 ਨਾਲ ਹਰਾ ਕੇ ਫਾਈਨਲ ਵਿੱਚ ਪਹੁੰਚਿਆ.

---

**ਇਸ ਦੇ ਨਾਲ ਹੀ ਰਾਸ਼ਟਰੀ ਖ਼ਬਰਾਂ ਦਾ ਇਹ ਬੁਲੇਟਿਨ ਖ਼ਤਮ ਹੁੰਦਾ ਏ। ਸਾਡਾ ਅਗਲਾ ਰਾਸ਼ਟਰੀ ਬੁਲੇਟਿਨ ਤੁਸੀਂ ਸੁਣੋਗੇਸ਼ਾਮ ਸਾਢੇ 7 ਵਜੇ ਨਮਸਕਾਰ !**